# ਮੈਂ ਬੋਲਾਂ ਰੂਹ ਪੰਜਾਬ ਦੀ

ਮੈਂ ਬੋਲਾਂ ਰੂਹ ਪੰਜਾਬ ਦੀ
ਪੰਜ ਦਰਿਆ ਦੇ ਆਬ ਦੀ

ਕਰਦੀ ਹਾਂ ਗਲ ਸੰਤਾਲੀ ਦੀ
ਆਜ਼ਾਦੀ ਕਰਮਾਂ ਵਾਲੀ ਦੀ
ਪਾਣੀ ਵਿਚ ਜ਼ਹਿਰਾਂ ਘੁਲੀਆਂ ਸੀ
ਲਖਾਂ ਹੀ ਜਾਨਾਂ ਰੁਲੀਆਂ ਸੀ
ਨੋਹਾਂ ਤੋਂ ਮਾਸ ਝੜਿਆ ਸੀ
ਭਾਈ ਨਾਲ ਭਾਈ ਲੜਿਆ ਸੀ
ਲਾਲ ਹਨੇਰੀ ਝੂਲ ਗਈ ਸੀ
ਧੀਆਂ ਦੀ ਇਜ਼ਤ ਰੁਲ ਗਈ ਸੀ
ਐਸੀ ਅਨਹੋਣੀ ਹੋਈ ਸੀ
ਮੈਂ ਖ਼ੂਨ ਦੇ ਅਥਰੂ ਰੋਈ ਸੀ
ਫਿਰ ਜਖਮਾਂ ਉਤੇ ਬੂਰ ਪਿਆ
ਸੰਤਾਲੀ ਚਲ ਕੇ ਦੂਰ ਗਿਆ

ਫਿਰ ਆਇਆ ਦੋਰ ਉਪਦਰ ਦਾ
ਬੰਦੂਕਾਂ ਦਾ ਤੇ ਗਦਰ ਦਾ
ਕਈ ਬਿਨ ਆਈ ਤੋਂ ਮਰ ਗਏ ਸੀ
ਪੰਜਾਬ ਨੂੰ ਖਾਲੀ ਕਰ ਗਏ ਸੀ
ਫਿਰ ਫੋਜ ਚੜੀ ਹਰਮੰਦਰ ਤੇ
ਮੇਰੀ ਆਸਥਾ ਦੇ ਮੰਦਰ ਤੇ
ਫਿਰ ਸਨ ਚੋਰਾਸੀ ਆਇਆ ਸੀ
ਜਿਹਨੇ ਮੇਰੇ ਦੇਸ਼ ਦੇ ਮਥੇ ਤੇ
ਕਾਲਖ ਦਾ ਦਾਗ ਲਾਇਆ ਸੀ
ਬੇਦੋਸ਼ੇ ਸੂਲੀ ਚੜ੍ਹ ਗਏ ਸੀ
ਮੈਨੂੰ ਸ਼ਰਮਿੰਦਾ ਕਰ ਗਏ ਸੀ
ਮੈਂ ਵਿਲਖ ਵਿਲਖ ਕੇ ਰੋਈ ਸੀ

ਕੇਸੀ ਅਨਹੋਣੀ ਹੋਈ ਸੀ
ਅਜੇ ਜ੍ਖ੍ਮਾਂ ਤੇ ਨਹੀਂ ਬੂਰ ਪਿਆ
ਅਜੇ ਨਹੀਂ ਚੋਰਾਸੀ ਦੂਰ ਗਿਆ

ਹੁਣ ਨਸ਼ਿਆਂ ਦੇ ਵਿਚ ਫਸ ਗਈ ਹਾਂ
ਆਪਣੇ ਆਪ ਨੂੰ ਡਸ ਗਈ ਹਾਂ
ਉਗਰਵਾਦ ਤੋਂ ਬਚ ਗਈ ਸੀ
ਪਰ ਹੁਣ ਕਸੂਤੀ ਫਸ ਗਈ ਹਾਂ
ਮੈਂ ਨਸ਼ਿਆਂ ਦੇ ਵਿਚ ਡੁਬੀ ਹਾਂ
ਤੇ ਰਜੀ ਹੋਈ ਸ਼ਰਾਬ ਦੀ
ਮੈਂ ਬੋਲਾਂ ਰੂਹ ਪੰਜਾਬ ਦੀ
ਪੰਜ ਦਰਿਆ ਦੇ ਆਬ ਦੀ

ਕੁਝ ਜਲਜਲੇ ਜਿਹੇ ਆ ਰਹੇ ਨੇ
ਦਿੰਦੇ ਪਏ ਟੋਹ ਸੁਨਾਮੀ ਦੀ
ਮੇਰੇ ਤੇ ਸਤਗੁਰ ਮੇਹਰ ਕਰੀਂ
ਤੇ ਇਜ਼ਤ ਰਖੀਂ ਬਾਣੀ ਦੀ
ਮੇਨੂੰ ਵਲੂੰਧਰ ਦੇਵੀਂ ਨਾਂ
ਪਹਿਲਾਂ ਹੀ ਲੀਰੋ ਲੀਰ ਹਾਂ
ਮੈਂ ਖੜਗ ਭੁਜਾ ਹਾਂ ਭਾਰਤ ਦੀ
ਮੈਂ ਭਾਰਤ ਦੀ ਸ਼ਮਸ਼ੀਰ ਹਾਂ

ਮੈਂ ਬੋਲਾਂ ਰੂਹ ਪੰਜਾਬ ਦੀ
ਪੰਜ ਦਰਿਆ ਦੇ ਆਬ ਦੀ